# ਸ਼ਬਦਾਂ ਦੀ ਮਰਜ਼ੀ

ਗੁਰਪ੍ਰੀਤ

ਅਸਥੈਟਿਕਸ ਪਬਲੀਕੇਸ਼ਨਜ਼

**SHABDAN DI MARZI**
Collection of Poems by
**GURPREET**
1/6, Guru Arjan Dev Nagar,
MANSA-151505

First Edition:- 1996

© **GURPREET**

Title : **Swarnjit Savi**

Price:- Rs. 80/-

Publisher:-
**Aesthetics Publication**

Printer:- **Savi's Artcave**
30, Bhadaur House, Opp Dena Bank.
Ludhiana Ph:- 0161-745167

# ਤਰਤੀਬ

| | |
|---|---|
| ਭੂਮਿਕਾ | 6 |
| ਜਸ਼ਨ ਲਈ ਸੱਦਾ | 15 |
| ਨਵੇਂ ਸਿਰੇ ਤੋਂ | 16 |
| ਰਲ ਜਾਂਗਾ ਤੇਰੇ 'ਚ | 18 |
| ਇਸੇ ਛਿਣ 'ਚ ਹੀ | 19 |
| ਜੜ੍ਹਾਂ ਨੂੰ ਸਾਂਭਦੀ ਮਿੱਟੀ | 20 |
| ਕਾਇਨਾਤ ਦੇ ਸੱਤੇ ਰੰਗ | 21 |
| ਸ਼ਬਦਾਂ ਤੋਂ ਬਾਹਰ | 22 |
| ਮੇਰੇ ਚਿਹਰੇ ਦੀ ਜ਼ਰੂਰਤ | 23 |
| ਇਹ ਕੋਈ ਖੇਡ ਨਹੀਂ | 24 |
| ਸਾਰੇ ਦਾ ਸਾਰਾ ਮੈਂ | 25 |
| ਅਰਥਾਂ ਦੇ ਸਿਪੀਆਂ ਮੋਤੀ | 26 |
| ਤੇਰੇ ਰੰਗਾਂ ਦੀ ਲਿਪੀ | 27 |
| ਇਕ ਬਿੰਦੂ ਅੰਦਰ | 28 |
| ਸ਼ਬਦਾਂ ਦੀ ਮਰਜ਼ੀ | 29 |
| ਮਨ ਦੀ ਗੁਫਾ ਅੰਦਰ | 30 |
| ਆਵਾਜ਼ਾਂ | 33 |
| ਸ਼ਾਇਦ ਇਸੇ ਲਈ | 41 |
| ਨਾ ਪੜ੍ਹੀਂ ਇਹ ਕਵਿਤਾ | 43 |
| ਤੇਰੇ ਮੇਰੇ ਹੋਣ ਕਰਕੇ | 45 |
| ਸਵੇਰ-I | 49 |
| ਸਵੇਰ-II | 50 |
| ਸਵੇਰ-III | 51 |
| ਸੁਬਕ ਜਿਹਾ ਹੱਥ | 52 |
| ਪਗਲੀ ਨਦੀ | 53 |
| ਸਾਹਾਂ ਵਰਗਾ | 55 |
| ਸੁਖ਼ਨ ਦੇ ਬਹਾਨੇ | 57 |
| ਆਦਿ ਕਾਲ ਤੋਂ ਲਿਖੀ ਜਾਂਦੀ ਕਵਿਤਾ | 61 |
| ਦੇਵਨੀਤ | 62 |
| ਹਰਨਾਮ | 63 |
| ਇੱਕ ਕਾਗ਼ਜ਼ ਦੀ ਕਿਸ਼ਤੀ | 64 |

# ਸ਼ਬਦ ਅਰਥ ਦੇ ਬਦਲਦੇ ਸੰਦਰਭ ਅਤੇ ਗੁਰਪ੍ਰੀਤ ਦੀ ਕਵਿਤਾ

ਗੁਰਪ੍ਰੀਤ ਉਹਨਾਂ ਕਵੀ ਕਲਾਕਾਰਾਂ ਚੋਂ ਹੈ ਜਿਹਨਾਂ ਦਾ ਨਾਂ ਪੰਜਾਬੀ ਕਵਿਤਾ ਵਿੱਚ ਉੱਭਰ ਰਿਹਾ ਹੈ ਅਤੇ ਉਹ ਕਵਿਤਾ ਵਿੱਚ ਸ਼ਬਦ-ਅਰਥ ਦੇ ਬਦਲਦੇ ਸੰਦਰਭਾਂ ਵਲੋਂ ਬਹੁਤ ਚੇਤੰਨ ਹੈ। ਸ਼ਬਦ-ਅਰਥ ਦਾ ਸੰਦਰਭ ਕਿਸੇ ਵੀ ਭਾਸ਼ਾ ਵਿੱਚ ਅਚਾਨਕ ਹੀ ਨਹੀਂ ਬਦਲ ਜਾਂਦਾ ਸਗੋਂ ਇਸਦਾ ਪੂਰਾ ਪਿਛੋਕੜ ਹੈ। ਜਦੋਂ ਗਿਆਨ ਵਿਚਾਰਧਾਰਾ ਅਤੇ ਯਥਾਰਥ ਵਿੱਚ ਕੋਈ ਮਹੱਤਵ ਯੋਗ ਤਬਦੀਲੀਆਂ ਵਾਪਰਨ ਲਗਦੀਆਂ ਹਨ ਤਾਂ ਉਦੋਂ ਕਵਿਤਾ ਵਿੱਚ ਸ਼ਬਦ-ਅਰਥ ਦਾ ਸੰਦਰਭ ਵੀ ਬਦਲ ਜਾਂਦਾ ਹੈ। ਇਹ ਇਤਿਹਾਸ ਦੇ ਕਈ ਮੋੜਾਂ ਤੇ ਹੋਇਆ ਹੈ ਅਤੇ ਕਵਿਤਾ ਆਪਣੇ ਰੂਪਾਕਾਰ ਨਾਲ ਪ੍ਰਤੀਬੱਧ ਹੋਕੇ ਇਸਦੀ ਪਹਿਚਾਣ ਕਰਦੀ ਰਹੀ ਹੈ। ਸਮਕਾਲੀ ਕਵਿਤਾ ਵਿੱਚ ਇਹ ਪਹਿਚਾਣ ਹੋਰ ਵੀ ਜਾਰੀ ਹੈ ਕਿਉਂਕਿ ਕਵਿਤਾ ਕੇਵਲ ਸ਼ਬਦਾਂ ਦੀ ਖੇਡ ਨਹੀਂ ਸਗੋਂ ਇਸ ਦਾ ਰੂਪ-ਪਰਿਧਾਨ ਡੂੰਘੀ ਤਰਾਂ ਇਸਦੇ ਅਵਚੇਤਨ-ਚੇਤਨ ਨਾਲ ਸੰਬੰਧਤ ਹੈ। ਇਹ ਨਹੀਂ ਕਿ ਇਸ ਪਹਿਚਾਣ ਤੋਂ ਬਿਨਾਂ ਕਵਿਤਾ ਲਿਖੀ ਨਹੀਂ ਜਾ ਸਕਦੀ। ਸਮਕਾਲੀ ਕਵਿਤਾ ਵਿੱਚ ਬਹੁਤ ਸਾਰੇ ਕਵੀ ਅਜਿਹੀ ਕਵਿਤਾ ਵੀ ਲਿਖ ਰਹੇ ਹਨ ਪਰ ਜਿਸ ਕਵੀ ਕੋਲ ਅਜਿਹੀ ਪਹਿਚਾਣ ਹੁੰਦੀ ਹੈ ਉਸਦੀ ਕਵਿਤਾ ਵਿੱਚ ਚਰਚਾ ਵਿੱਚ ਆਉਣ ਦੀ ਵੱਧ ਸਮਰੱਥਾ ਹੁੰਦੀ ਹੈ। ਅਜਿਹੀ ਸਮਰੱਥਾ ਨਾਲ ਜੋ ਕਵੀ ਜਾਣੂ ਹੋਏ, ਉਹਨਾਂ ਵਿੱਚ ਸ਼ਬਦ-ਅਰਥ ਵਿੱਚ ਵਾਪਰ ਰਹੇ ਪਰਿਵਰਤਨ ਦਾ ਚਰਚਾ ਵੀ ਵਾਰ ਵਾਰ ਆਉਂਦਾ ਹੈ। ਇਸ ਲਈ ਇਕੋ ਸਮੇਂ ਉਹਨਾਂ ਦੀ ਕਵਿਤਾ ਪਿਛੋਕੜ ਤੇ ਪਏ ਉਸ ਗਿਆਨ/ ਵਿਚਾਰਧਾਰਾ ਵੱਲ ਵੀ ਸੰਕੇਤ ਕਰਦੀ ਹੈ ਅਤੇ ਕਵਿਤਾ ਦੀ ਸਿਰਜਣਾ ਵੀ ਕਰਦੀ ਹੈ। ਇਸ ਗੱਲ ਨੂੰ ਜ਼ਰੂਰੀ ਹੈ ਕਿ ਕਵਿਤਾ ਦੇ ਅਲੋਚਕ ਵੀ ਸਮਝਣ। ਕਵਿਤਾ ਦੇ ਸਾਰੇ ਅਲੋਚਕਾਂ ਨੇ ਅਜੇ ਇਸ ਦੀ ਪਹਿਚਾਣ ਨਹੀਂ ਕੀਤੀ ਸਗੋਂ ਕਈ ਕਵੀਆਂ ਦੀ ਕਵਿਤਾ ਵਿੱਚ ਅਜਿਹੀ ਪਹਿਚਾਣ ਵੱਧ ਹੈ।

ਇਹੀ ਕਾਰਨ ਹੈ ਕਿ ਗੁਰਪ੍ਰੀਤ ਆਪਣੀ ਕਵਿਤਾ ਦੀ ਹੋਂਦ ਅਤੇ ਸ਼ਬਦ ਅਰਥਾਂ ਦੇ ਸੰਦਰਭਾਂ ਬਾਰੇ ਵਾਰ ਵਾਰ ਗੱਲ ਛੇੜਦਾ ਹੈ ਅਤੇ ਉਹ ਜੋ ਬਾਕੀ ਕਵਿਤਾਵਾਂ ਲਿਖਦਾ ਹੈ ਇਸ ਚੇਤਨਾ ਨੂੰ ਧਾਰਨ ਕਰਨ ਦੇ ਅਗਲੇ ਬਿੰਦੂ ਤੇ ਲਿਖਦਾ ਹੈ। ਉਸਦੀ ਕਵਿਤਾ ਬਾਰੇ ਚਰਚਾ ਕਰਦਿਆਂ ਉਸਦੀ ਕਵਿਤਾ "ਜਸ਼ਨ ਲਈ ਸੱਦਾ" ਤੋਂ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ



ਕਦੇ ਮੈਂ ਤੁਰਦਾ
ਕਵਿਤਾ ਅੰਦਰ
ਕਦੇ ਕਵਿਤਾ ਤੁਰਦੀ
ਮੇਰੇ ਅੰਦਰ

ਉਹ ਮੈਨੂੰ
ਉਦਾਸ ਹੋਏ ਨੂੰ
ਜਸ਼ਨ ਲਈ ਸੱਦਾ ਦਿੰਦੀ
ਹੱਸਦਾ ਹੱਸਦਾ
ਮੈਂ ਧੁਰ ਅੰਦਰ ਤੀਕ
ਲਹਿ ਜਾਂਦਾ ਉਹਦੇ

ਉਹ ਮੈਨੂੰ ਭੀੜ 'ਚ ਗੁਆਚੇ ਹੋਏ ਨੂੰ
ਲੱਭ ਲੈਂਦੀ ਕਿਤੋਂ ਵੀ
ਚੁੱਪ-ਵਾਦੀਆਂ 'ਚ ਲੈ ਜਾਂਦੀ
ਮੈਨੂੰ ਫੁੱਲ ਆਖਦੀ
ਆਪ ਮਹਿਕ ਹੋ ਜਾਂਦੀ

ਉਹ ਮੇਰੇ ਲਈ
ਛੱਡ ਜਾਂਦੀ ਕਿੰਨਾ ਕੁੱਝ
ਅਣਕਿਹਾ

ਮੈਂ ਉਹਦੇ ਹੋਠਾਂ ਤੋਂ ਕਿਰਦੇ
ਇਕ ਇਕ ਸ਼ਬਦ ਦੇ ਅਰਥ
ਆਪਣੇ ਹਿਰਦੇ ਦੇ ਕੋਸ਼ 'ਚੋਂ ਪੜ੍ਹਦਾ
ਸਾਰੇ ਪਾਸਾਰ ਚ
ਫੈਲ ਜਾਂਦਾ
ਉਹ ਧੜਕਦੀ
ਕਣ ਕਣ ਅੰਦਰ

ਕਵੀ ਕਵਿਤਾ ਦੇ ਅਵਚੇਤਨ-ਚੇਤਨ ਦੀ ਪਹਿਚਾਣ ਤੋਂ ਹੀ ਗੱਲ ਸ਼ੁਰੂ ਕਰ ਰਿਹਾ ਹੈ। ਉਹ ਕਵਿਤਾ ਨਾਲ ਇੱਕ ਸਜੱਗ ਰਿਸ਼ਤਾ ਉਸਾਰਦਾ ਹੈ। ਇਸ ਚਿਹਨਿਕ ਨਾਲ ਹੀ ਕਵਿਤਾ ਦੇ ਅੰਦਰ ਪ੍ਰਵੇਸ਼ ਕਰਦਾ ਹੈ। ਕਵਿਤਾ ਉਸਨੂੰ ਭੀੜ 'ਚ ਗੁਆਚੇ ਹੋਏ ਨੂੰ ਵੀ ਲੱਭ ਲੈਂਦੀ ਹੈ। ਜਿਹਨਾਂ ਚੁੱਪ ਦੀਆਂ ਵਾਦੀਆਂ ਵਿੱਚ ਲੈ ਕੇ ਜਾਂਦੀ ਹੈ ਇਹ ਚੁੱਪ ਵਾਦੀਆਂ ਉਸਦੀ ਕਵਿਤਾ ਵਿੱਚ ਇਕ ਮਹੱਤਵ ਯੋਗ ਚਿਹਨਿਕ ਬਣ ਜਾਂਦੀਆਂ ਹਨ। ਜਿਹਨਾਂ ਨਾਲ ਉਸਦੀ ਕਵਿਤਾ ਦੇ ਹੋਰ ਚਿਹਨਿਕ ਵੀ ਸੰਬੰਧਤ ਹਨ ਅਤੇ ਉਸਦੀ ਕਵਿਤਾ ਦੇ ਸਮੁੱਚੇ ਚਿਹਨੀਕਰਨ ਨੂੰ ਇਹਨਾਂ ਚਿਹਨਿਕਾਂ ਦੇ ਸੰਬੰਧ ਤੋਂ ਬਿਨਾਂ ਪੂਰੀ ਤਰਾਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਜਦੋਂ ਕਵਿਤਾ ਚੁੱਪ ਵਾਦੀਆਂ 'ਚ ਲਿਜਾਕੇ ਉਸਨੂੰ ਫੁੱਲ ਆਖਦੀ ਹੈ ਅਤੇ ਆਪ ਮਹਿਕ ਹੋ ਜਾਂਦੀ ਹੈ ਤਾਂ ਇਹ ਸ਼ਬਦ ਵੀ ਉਸਦੀ ਕਵਿਤਾ ਵਿੱਚ ਰਚੇ ਹੋਏ ਸੂਰਜ ਅਤੇ ਪ੍ਰਗੀਤਕਤਾ ਦੇ ਚੁੱਪ ਵਾਦੀਆਂ ਦੇ ਚਿਹਨਕ ਬਣ ਜਾਂਦੇ ਹਨ। ਚੁੱਪ ਦੇ ਜਿਹਨਾਂ ਅਰਥਾਂ ਵਿੱਚ ਇਹ ਤੁਰਦੇ ਹਨ ਉਹਨਾਂ ਨੂੰ ਨਿਸ਼ਚਤ ਰੂਪ ਵਿੱਚ ਪਰਿਭਾਸ਼ਤ ਕਰਨ ਦੀ ਲੋੜ ਨਹੀਂ ਰਹਿੰਦੀ। ਕਵਿਤਾ ਵਿੱਚ ਅਰਥ ਦੀ ਇਸ ਨਿਸ਼ਚਿਤਤਾ ਨੂੰ ਖਤਮ ਕਰਨਾ ਕਾਵਿ-ਯੋਗਤਾ ਹੈ। ਪਾਠਕ ਨੂੰ ਇੱਕ ਸੁਤੰਤਰ ਸਿਰਜਣਾ ਦਾ ਵਾਤਾਵਰਣ ਤੇ ਸੰਭਾਵਨਾ ਦੇਣੀ ਕਵਿਤਾ ਦਾ ਕੰਮ ਹੈ। ਇਉਂ ਕਵਿਤਾ ਪਾਠਕ ਤੇ ਵਿਸ਼ਵਾਸ ਕਰਦੀ ਹੈ। ਜੋ ਕਵਿਤਾ ਪਾਠਕ ਤੇ ਅਵਿਸ਼ਵਾਸ ਦੀ ਸਿਰਜਣਾ ਕਰਦੀ ਹੈ ਉਹ ਕਵਿਤਾ ਵਧੇਰੇ ਸਮਰੱਥਾ ਵਾਲੀ ਨਹੀਂ ਹੋ ਸਕਦੀ। ਸ਼ਬਦ ਅਰਥ ਦੇ ਜੋ ਸੰਦਰਭ ਬਦਲ ਰਹੇ ਹਨ ਉਹਨਾਂ ਵਿੱਚ ਇਹ ਕਾਵਿ-ਚੇਤਨਾ ਸ਼ਾਮਿਲ ਹੈ। ਗੁਰਪ੍ਰੀਤ ਆਪਣੀ ਕਵਿਤਾ ਵਿੱਚ ਇਸੇ ਦੀ ਪਹਿਚਾਣ ਕਰਦਾ ਹੈ। ਇਸ ਲਈ ਉਸਦੀ ਕਵਿਤਾ ਵਿੱਚ "ਚੁੱਪ ਵਾਦੀਆਂ" ਅਟਕਿਹਾ ਇਹ ਬਹੁਤ ਮਹੱਤਵ ਯੋਗ ਹੈ। ਇਸ ਦੀ ਚੇਤਨਾ ਚੋਂ ਹੀ ਉਹ ਸਾਰੇ ਪਾਸਾਰ ਵਿੱਚ ਫੈਲਦਾ ਹੈ। ਇਹ ਕਵਿਤਾ ਉਸਦੇ ਕਣ ਕਣ ਅੰਦਰ ਤੜਪਣ ਲਗਦੀ ਹੈ। ਇਸ ਚੇਤਨਾ ਚੋਂ ਹੀ ਸਿਰਜਕ ਆਪਣੇ ਆਪ ਤੋਂ ਅਸੰਖ ਬੁੱਤ ਘੜ ਸਕਦਾ ਹੈ। ਧਰਤੀ, ਬਿਰਖਾਂ, ਬੂਟਿਆਂ, ਪਹਾੜਾਂ, ਝਰਨਿਆਂ, ਮਾਰੂਥਲਾਂ, ਦਰਿਆਵਾਂ ਦੀ ਲਿਪੀ ਸਮਝ ਸਕਦਾ ਹੈ। ਕਲਾ ਅਤੇ ਪ੍ਰਕਿਰਤੀ ਨਾਲ ਰਿਸ਼ਤੇ ਦੀ ਗੱਲ ਉਸਦੀ ਕਵਿਤਾ ਵਿੱਚ ਇਸੇ ਚੇਤਨਾ ਚੋਂ ਪੈਦਾ ਹੁੰਦੀ ਹੈ

ਬੁੱਤ ਤਰਾਸ਼
ਚਿੱਤਰਕਾਰ
ਨਾਦ ਵੇਤਾ



ਸਿਰਜਕ ਉਹ
ਆਪਣੇ ਆਪ ਚੋਂ ਘੜਦਾ
ਅਸੰਖ ਬੁੱਤ

ਧਰਤੀ ਦੇ ਕਾਗਦ ਲਿਖਦਾ
ਬਿਰਖਾਂ, ਬੂਟਿਆਂ,
ਪਹਾੜਾਂ, ਝਰਨਿਆਂ,
ਮਾਰੂਥਲਾਂ, ਦਰਿਆਵਾਂ,
ਦੀ ਲਿਪੀ 'ਚ
ਮਨ ਦੀ ਕਥਾ ਅਨੰਤ

ਅੰਬਰ ਦੀ ਕੈਨਵਸ ਚਿਤਰਦਾ
ਚੰਨ ਸੂਰਜ ਦਾ ਆਲ੍ਹਣਾ
ਪਰ ਤੋਲਦੇ
ਤਾਰਿਆਂ ਦੇ ਹਜ਼ਾਰਾਂ ਪੰਛੀ
ਮਨ ਵਿਚਲੀ
ਚਮਕਣ ਨੂੰ ਪ੍ਰੇਮ ਕਰਦੇ

ਹਿਰਦੇ ਦਾ ਸੰਗੀਤ
ਹਵਾ ਦਾ ਵਗਣਾ
ਪਾਣੀ ਦਾ ਵਹਿਣਾ
ਧੁੱਪ ਦਾ ਵਿਛਣਾ

ਉਹ ਚੁੱਪ ਦੀਆਂ "ਵਾਦੀਆਂ" ਸਿਰਜਦਾ ਇਹਨਾਂ ਨੂੰ ਪਹਿਚਾਣਦਾ ਹੀ ਆਪਣੀ ਕਵਿਤਾ ਵਿੱਚ ਸ਼ਬਦਾਂ ਦੇ ਅੰਦਰ ਅਤੇ ਬਾਹਰ ਦੀ ਯਾਤਰਾ ਕਰਦਾ ਹੈ। ਕੇਵਲ ਯਾਤਰਾ ਹੀ ਨਹੀਂ ਸਗੋਂ ਸ਼ਬਦਾਂ ਦੀਆਂ ਉਹ ਵਿਸਤਰਿਤ ਸੰਭਾਵਨਾਵਾਂ ਆਪਣੀ ਕਵਿਤਾ ਵਿੱਚ ਇਸੇ ਲਈ ਸਾਕਾਰ ਕਰਦਾ ਹੈ

ਸ਼ਬਦ ਹੀ ਕਰਦੇ
ਵਿਸਥਾਰ ਮੇਰਾ
ਸ਼ਬਦ ਹੀ ਸਾਂਭਦੇ ਮੈਨੂੰ

ਇੱਕ ਬਿੰਦੂ ਅੰਦਰ
ਸ਼ਬਦ ਮਿਟਣ ਖਾਤਰ
ਮੇਰੀਆਂ ਕਵਿਤਾਵਾਂ ਵਿੱਚ
ਸ਼ਾਮਿਲ ਹੋ ਜਾਂਦੇ।

ਹੋਰ ਕਈ ਕਵਿਤਾਵਾਂ ਵਿੱਚ ਸ਼ਬਦਾਂ ਦੀਆਂ ਇਹਨਾਂ ਸੰਭਾਵਨਾਵਾਂ ਨੂੰ ਪਹਿਚਾਨਣ ਦਾ ਯਤਨ ਹੈ। ਪਰ ਉਸਦੀ ਕਵਿਤਾ ਵਿੱਚ ਸ਼ਬਦ ਇਕਹਿਰੇ ਚਿਹਨ ਦੇ ਤੌਰ ਤੇ ਨਹੀਂ ਆਉਂਦੇ ਸਗੋਂ ਸ਼ਬਦ ਅਰਥ ਸੰਯੁਕਤ ਰੂਪ ਵਿੱਚ ਚਿਹਨਕ ਬਣਕੇ ਇੱਕ ਪ੍ਰਵਾਹ ਵਾਂਗ ਤੁਰਦੇ ਹਨ। ਜਦੋਂ ਉਸਦੀ ਕਵਿਤਾ ਵਿੱਚ ਇਹ ਪ੍ਰਵਾਹ ਗਤੀਸ਼ੀਲ ਹੁੰਦਾ ਹੈ ਉਦੋਂ ਹੀ ਉਸਦੀ ਕਵਿਤਾ ਵਿੱਚ ਪ੍ਰਕਿਰਤੀ ਦੇ ਉਹ ਬਿੰਬ ਵਿਸਤਰਿਤ ਹੋਣੇ ਸ਼ੁਰੂ ਹੁੰਦੇ ਹਨ। ਜੋ ਇਸ ਗਤੀ ਦੇ ਕਈ ਪਾਸਾਰਾਂ ਨੂੰ ਸਾਡੇ ਸਾਹਮਣੇ ਸਾਕਾਰ ਕਰਨ ਲਗਦੇ ਹਨ

ਨਦੀ
ਵਹਿ ਰਹੀ ਹੈ
ਸ਼ਬਦਾਂ ਦੇ
ਕਿਨਾਰਿਆਂ ਵਿਚਕਾਰ
ਅਰਥਾਂ ਦੇ
ਸਿਪੀਆਂ ਮੋਤੀ
ਧੁਰ ਹੇਠਾਂ
ਗਹਿਰੇ ਪਾਣੀ
ਸਾਂਭਦੀ
ਇਕ ਦਿਨ
ਸਮੁੰਦਰ ਹੋਵੇਗੀ
ਮੇਰੀ ਤੇਰੀ
ਇਹ ਪਗਲੀ ਨਦੀ

ਗੁਰਪ੍ਰੀਤ ਸ਼ਬਦਾਂ ਅਰਥਾਂ ਦੇ ਇਹਨਾਂ ਚਿਹਨਕਾਂ ਦੀ ਭਾਸ਼ਾ ਰਾਹੀਂ ਮੁਹੱਬਤ ਅਤੇ ਹੋਰ ਮਨੁੱਖੀ ਸੰਬੰਧਾਂ ਨੂੰ ਆਪਣੀ ਕਵਿਤਾ ਦੇ ਸਹਿਜ ਅਤੇ ਸਿਰਜਣ ਵਿੱਚ ਲਿਆਉਂਦਾ ਹੈ। ਸ਼ਬਦ ਲਿਪੀ ਸੰਬੰਧ ਇਕਮਿਕ ਹੋ ਜਾਂਦੇ ਹਨ। ਜਿਸ ਚੁੱਪ ਦਾ ਉਸਦੀ ਕਵਿਤਾ ਵਿੱਚ ਵਾਰ ਵਾਰ ਪ੍ਰਵੇਸ਼ ਹੁੰਦਾ ਹੈ। ਉਸ ਚੁੱਪ ਦੇ ਪੰਛੀ ਇਸ ਅਹਿਸਾਸ ਚੋਂ ਹੀ ਉਸਦੀ ਕਵਿਤਾ ਵਿੱਚ ਪ੍ਰਵਾਜ਼ ਪ੍ਰਾਪਤ ਕਰਦੇ ਹਨ



ਅਸੰਖ ਸ਼ਬਦ
ਮੇਰੇ ਕੋਲ
ਤੇਰੇ ਕੋਲ
ਸਭ ਕੋਲ
ਤੇ ਅਣਗਿਣ ਲਿਪੀਆਂ 'ਚ
ਲਿਖਦੇ ਅਸੀਂ
ਮਨ 'ਚ ਜੋ ਵੀ ਆਉਂਦਾ
ਅੱਖਾਂ ਜੋ ਵੀ ਵੇਖਦੀਆਂ
ਕੰਨ ਜੋ ਵੀ ਸੁਣਦੇ

ਫਿਰ ਵੀ ਰਹਿ ਜਾਂਦਾ
ਬਹੁਤ ਕੁਝ
ਅਹਿਸਾਸਾਂ ਦੇ ਪਰਾਂ ਹੇਠ

ਤੇਰੇ
ਰੰਗਾਂ ਦੀ ਲਿਪੀ
ਮੇਰੀ ਚੁੱਪ ਦੇ ਪੰਛੀਆਂ ਨੂੰ
ਪਰਵਾਜ਼ ਦਿੰਦੀ

ਅਸੀਂ ਇਸ ਚੁੱਪ ਵਾਦੀਆਂ ਨੂੰ ਪਹਿਚਾਣਦਿਆਂ, ਸ਼ਬਦ ਅਰਥ ਦੇ ਬਦਲਦੇ ਸੰਬੰਧਾਂ ਨੂੰ ਵੇਖਦਿਆਂ, ਉਸਦੀ ਕਵਿਤਾ ਦੇ ਅਵਚੇਤਨ-ਚੇਤਨ ਨੂੰ ਪਹਿਚਾਣ ਲਿਆ ਹੈ। ਇਸ ਪਹਿਚਾਣ ਵਿਚੋਂ ਹੀ ਸਵੇਰ ਉਦੈ ਹੁੰਦੀ ਹੈ ਅਤੇ ਚਿੜੀਆਂ ਦੇ ਚਹਿਚਾਹੁਣ ਤੋਂ ਰੋਜ਼ ਇਕ ਨਵਾਂ ਸੂਰਜ ਪੈਦਾ ਹੁੰਦਾ ਹੈ। ਇਕ ਚੁੱਪ ਵਾਦੀ ਦਾ ਬਿੰਬ ਅਜਿਹੀ ਕਵਿਤਾ ਦੇ ਪਿਛੋਕੜ ਵਿੱਚ ਪਿਆ ਹੁੰਦਾ ਹੈ। ਇਉਂ ਅਗਰ ਭੂਮੀ ਤੇ ਉਹ ਜਿਸ ਬਿੰਬ ਦੀ ਸਿਰਜਣਾ ਕਰਦਾ ਹੈ ਉਸਦੇ ਪਿਛੋਕੜ ਦੇ ਬਿੰਬ ਦੀ ਚੇਤਨਾ ਵੀ ਸਾਡੇ ਮਨ ਵਿੱਚ ਮੌਜੂਦ ਰਹਿੰਦੀ ਹੈ। ਕਵਿਤਾ ਸੰਜਮਤਾ ਉਦੋਂ ਹੀ ਪ੍ਰਾਪਤ ਕਰਦੀ ਹੈ ਜਦੋਂ ਇੱਕ ਚੁੱਪ ਵਾਦੀ ਕਵਿਤਾ ਦੇ ਐਨ ਨੇੜੇ ਪਈ ਹੁੰਦੀ ਹੈ

ਚਿੜੀਆਂ
ਆਪਣੇ ਚਹਿ ਚਹਾਉਣ ਚੋਂ


ਪੈਦਾ ਕਰਦੀਆਂ
ਰੋਜ਼ ਇੱਕ ਨਵਾਂ ਸੂਰਜ

ਗੁਰਪ੍ਰੀਤ ਨੇ ਇਹਨਾਂ ਬਿੰਬਾਂ ਅਤੇ ਸੰਬੰਧਾਂ ਤੋਂ ਬਿਨਾਂ ਇਸ ਪੁਸਤਕ ਵਿੱਚ ਦੇਵਨੀਤ ਤੇ ਹਰਨਾਮ ਦਾ ਕਾਵਿ-ਚਿੱਤਰ ਵੀ ਲਿਖਿਆ ਹੈ। ਇਹ ਸੰਖੇਪ ਕਾਵਿ-ਚਿੱਤਰ ਇਹਨਾਂ ਸ਼ਾਇਰਾਂ ਦੇ ਆਮ ਯਥਾਰਥ ਦੇ ਸਥੂਲ ਰੂਪ ਨੂੰ ਪੇਸ਼ ਨਹੀਂ ਕਰਦੇ। ਆਮ ਯਥਾਰਥ ਨੂੰ ਪੇਸ਼ ਕਰਨਾ ਤੱਥਾਂ ਨੂੰ ਪੇਸ਼ ਕਰਨਾ ਹੁੰਦਾ ਹੈ ਜੋ ਕਵਿਤਾ ਦਾ ਕੰਮ ਨਹੀਂ। ਕਾਵਿ-ਚਿੱਤਰ ਉਹਨਾਂ ਚਿਹਨਾਂ ਦੀ ਤਲਾਸ਼ ਕਰਦਾ ਹੈ ਜੋ ਵਿਅਕਤੀ ਦੀ ਚੁੱਪਵਾਦੀ ਨਾਲ ਸੰਬੰਧਤ ਹੁੰਦੇ ਹਨ। ਜਿਵੇਂ ਚਿੜੀਆਂ ਚਹਿ ਚਹਾਉਂਦੀਆਂ ਹਨ ਤੇ ਇੱਕ ਨਵਾਂ ਸੂਰਜ ਉਦੈ ਹੋ ਜਾਂਦਾ ਹੈ। ਕਾਵਿ-ਚਿੱਤਰ ਲਿਖਦਿਆਂ ਇਹ ਪਹਿਚਾਨਣਾ ਹੁੰਦਾ ਹੈ ਕਿ ਇਹ ਚਿੜੀਆਂ ਕਦੋਂ ਚਹਿ ਚਹਾਉਂਦੀਆਂ ਹਨ ਤੇ ਕਦੋਂ ਇਹ ਸੂਰਜ ਉਦੈ ਹੁੰਦੇ ਹਨ। ਕਿਸੇ ਵਿਅਕਤੀ ਬਾਰੇ ਲਿਖਦਿਆਂ ਇਹ ਸੂਰਜ ਵੀ ਨਿਸ਼ਚਿਤ ਰੂਪ ਵਿੱਚ ਪਰਿਭਾਸ਼ਤ ਨਹੀਂ ਕਰਨੇ ਹੁੰਦੇ ਤਾਂ ਹੀ ਸ਼ਬਦ ਅਰਥਾਂ ਕੋਲ ਅਨੇਕ ਸੰਭਾਵਨਾਵਾਂ ਹੋ ਸਕਦੀਆਂ ਹਨ।

ਇਸ ਚੇਤਨਾ ਵਾਲੇ ਸ਼ਾਇਰ ਦਾ ਸਮੁੱਚੇ ਪਾਠਕਾਂ ਵਲੋਂ ਸਵਾਗਤ ਕਰਨਾ ਬਣਦਾ ਹੈ।

**ਡਾ. ਸੁਤਿੰਦਰ ਸਿੰਘ ਨੂਰ**
11-6-96
ਪ੍ਰੋਫੈਸਰ, ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ





# ਜਸ਼ਨ ਲਈ ਸੱਦਾ

ਕਦੇ ਮੈਂ ਤੁਰਦਾ
ਕਵਿਤਾ ਅੰਦਰ
ਕਦੇ ਕਵਿਤਾ ਤੁਰਦੀ
ਮੇਰੇ ਅੰਦਰ

ਉਹ ਮੈਨੂੰ
ਉਦਾਸ ਹੋਏ ਨੂੰ
ਜਸ਼ਨ ਲਈ ਸੱਦਾ ਦਿੰਦੀ
ਹੱਸਦਾ-ਹੱਸਦਾ
ਮੈਂ ਧੁਰ ਅੰਦਰ ਤੀਕ
ਲਹਿ ਜਾਂਦਾ ਉਹਦੇ

ਉਹ ਮੈਨੂੰ
ਭੀੜ 'ਚ ਗੁਆਚੇ ਹੋਏ ਨੂੰ
ਲੱਭ ਲੈਂਦੀ ਕਿਤੋਂ ਵੀ
ਚੁੱਪ-ਵਾਦੀਆਂ 'ਚ ਲੈ ਜਾਂਦੀ
ਮੈਨੂੰ ਫੁੱਲ ਆਖਦੀ
ਆਪ ਮਹਿਕ ਹੋ ਜਾਂਦੀ

ਉਹ ਮੇਰੇ ਲਈ
ਛੱਡ ਜਾਂਦੀ ਕਿੰਨਾ ਕੁੱਝ
ਅਣਕਿਹਾ

ਮੈਂ ਉਹਦੇ ਹੋਠਾਂ ਤੋਂ ਕਿਰਦੇ
ਇਕ-ਇਕ ਸ਼ਬਦ ਦੇ ਅਰਥ
ਆਪਣੇ ਹਿਰਦੇ ਦੇ ਕੋਸ਼ 'ਚੋਂ ਪੜ੍ਹਦਾ
ਸਾਰੇ ਪਾਸਾਰ 'ਚ ਫੈਲ ਜਾਂਦਾ
ਉਹ ਧੜਕਦੀ ਕਣ-ਕਣ ਅੰਦਰ

## ਨਵੇਂ ਸਿਰੇ ਤੋਂ

ਬੁਤ ਤਰਾਸ਼
ਚਿਤਰਕਾਰ
ਨਾਦਵੇਤਾ
ਸਿਰਜਕ ਉਹ
ਆਪਣੇ ਆਪ 'ਚੋਂ ਘੜਦਾ
ਅਸੰਖ ਬੁੱਤ

ਧਰਤੀ ਦੇ ਕਾਗਦ ਲਿਖਦਾ
ਬਿਰਖਾਂ, ਬੂਟਿਆਂ,
ਪਹਾੜਾਂ, ਝਰਨਿਆਂ
ਮਾਰੂਥਲ, ਦਰਿਆਵਾਂ
ਦੀ ਲਿਪੀ 'ਚ
ਮਨ ਦੀ ਕਥਾ ਅਨੰਤ

ਅੰਬਰ ਦੀ ਕੈਨਵਸ ਚਿਤਰਦਾ
ਚੰਨ ਸੂਰਜ ਦਾ ਆਲ੍ਹਣਾ
ਪਰ ਤੋਲਦੇ
ਤਾਰਿਆਂ ਦੇ ਹਜ਼ਾਰਾਂ ਪੰਛੀ
ਮਨ ਵਿਚਲੀ
ਚਮਕਣ ਨੂੰ ਪ੍ਰੇਮ ਕਰਦੇ

ਹਿਰਦੇ ਦਾ ਸੰਗੀਤ
ਹਵਾ ਦਾ ਵਗਣਾ
ਪਾਣੀ ਦਾ ਵਹਿਣਾ
ਧੁੱਪ ਦਾ ਵਿਛਣਾ

ਇਕ ਪਲ ਲਗਦਾ



ਦੇ ਰਿਹਾ ਉਹ
ਹਰ ਸ਼ੈਅ ਨੂੰ
ਅੰਤਿਮ ਛੋਹ,
ਅਗਲੇ ਹੀ ਪਲ
ਸ਼ੁਰੂ ਕਰ ਰਿਹਾ ਹੁੰਦਾ
ਸਭ ਕੁਝ
ਨਵੇਂ ਸਿਰੇ ਤੋਂ

## ਰਲ ਜਾਂਗਾ ਤੇਰੇ 'ਚ

ਮੈਂ ਤੇਰੀ ਗੁਰੂਤਾ ਖਿੱਚ ਅੰਦਰ
ਬੁਹਤ ਉੱਚਾ-ਉੱਚਾ
ਛੂਹ ਛੂਹ ਜਾਂਦੀਆਂ
ਅੱਖਾਂ ਮੇਰੀਆਂ
ਆਸਮਾਨ ਦਾ ਨੰਗਾਪਣ

ਗੋਦ ਤੇਰੀ 'ਚ
ਤੇਰੇ ਬਿਰਖਾਂ ਬੂਟਿਆਂ 'ਤੇ
ਹੁੰਦਾ ਮੈਂ
ਝੂਮਦੇ ਪੱਤੇ
ਟਹਿਕਦੇ ਫੁੱਲ

ਕਿਰਾਂ ਮੁਰਝਾਵਾਂ
ਰਲ ਜਾਂਗਾ ਤੇਰੇ 'ਚ
ਜੜ੍ਹਾਂ ਨੇ ਮੇਰੀਆਂ
ਪਿਆਸੀਆਂ



## ਇਸੇ ਛਿਣ 'ਚ ਹੀ

ਤੇਰੇ ਮਿਲਣ ਨਾਲ
ਧਰਤੀ ਦੇ ਘੁੰਮਣ ਵਾਂਗ
ਸਹਿਜ ਮੈਂ
ਰਾਤ ਦੇ ਉਤਰਨ ਵਰਗਾ
ਪਾਣੀ ਦੇ ਪ੍ਰਵਾਹ ਜਿਹਾ

ਨਿਰਾਕਾਰ ਹੋਏ
ਨਿਤ ਰੂਪ ਵਟਾਉਂਦੇ
ਸਾਰੇ ਆਕਾਰ
ਪਸਰਨ ਲੱਗੀ ਚੁੱਪ

ਲੋਚਦਾਂ
ਇਸੇ ਛਿਣ 'ਚ ਹੀ
ਲੰਘੇ
ਉਮਰ ਮੇਰੀ

## ਜੜ੍ਹਾਂ ਨੂੰ ਸਾਂਭਦੀ ਮਿੱਟੀ

ਤੂੰ ਮੇਰੇ
ਨਾਲ ਨਾਲ
ਪਲ ਪਲ ਛਿਣ ਛਿਣ
ਜਿਉਂ ਫੁੱਲਾਂ ਨੂੰ
ਜਿਉਂਦਾ ਰੱਖਦੀ ਮਹਿਕ
ਜਿਉਂ ਪਾਣੀ ਦੀ ਸ਼ੀਤਲਤਾ
ਜਿਉਂ ਜੜ੍ਹਾਂ ਨੂੰ
ਸਾਂਭਦੀ ਮਿੱਟੀ

ਤੇਰੇ ਹੋਣ ਕਰਕੇ
ਛੱਡ ਛਡਾ ਦਿੰਦਾ ਮੈਂ
ਸਭ ਕੁਝ
ਸਮਝਣਾ ਸਮਝਾਉਣਾ



## ਕਾਇਨਾਤ ਦੇ ਸੱਤੇ ਰੰਗ

ਤੇਰੇ 'ਚ
ਸਮਾਏ ਹੋਏ
ਕਾਇਨਾਤ ਦੇ ਸੱਤੇ ਰੰਗ
ਧਰਤ 'ਤੇ ਵਿਛਦੇ
ਹਵਾ 'ਚ ਰੁਮਕਦੇ
ਅੰਬਰੀਂ ਉਡਦੇ
ਨਦੀਏ ਵਹਿੰਦੇ

ਤੇਰੇ ਕਰਕੇ ਹੀ
ਦਿਨ ਰਾਤ
ਆਪਣੇ ਕੱਪੜੇ ਬਦਲਦੇ

ਅਨੇਕਾਂ ਤਸਵੀਰਾਂ ਨੂੰ ਸਾਂਭਦੇ
ਇਹ ਸੱਤੇ ਰੰਗ
ਤੇਰੇ 'ਚ ਮਿਟ ਜਾਂਦੇ
ਤੇਰੇ 'ਚੋਂ ਉਦੈ ਹੁੰਦੇ

## ਸ਼ਬਦਾਂ ਤੋਂ ਬਾਹਰ

ਜਾਣਿਆ
ਮੈਂ ਸ਼ਬਦਾਂ ਨੂੰ
ਮੇਰੀ ਪਛਾਣ ਦੇ
ਕਿੰਨੇ ਰੂਪ ਹੋਏ

ਲੁਕਵੀਆਂ ਥਾਵਾਂ 'ਤੇ
ਲੁਕ ਛਿਪ ਗਿਆ
ਬਹੁਤ ਕੁਝ ਮੇਰਾ,
ਮੇਰੇ ਤੋਂ ਹੀ

ਸਾਫ਼ ਸਫ਼ਾਫ
ਸਭ ਦੇ ਸਾਹਮਣੇ
ਮੈਂ
ਸ਼ਬਦਾਂ ਤੋਂ ਬਾਹਰ



## ਮੇਰੇ ਚਿਹਰੇ ਦੀ ਜ਼ਰੂਰਤ

ਕਿੰਨਾ ਹੀ ਕੁਝ
ਮੇਰੇ ਮਨ ਸੰਸਾਰ 'ਚ
ਨਿਰਾਕਾਰ
ਕਿੰਨੇ ਹੀ ਆਕਾਰਾਂ 'ਚ ਢਲਿਆ

ਪਲ ਦੀ ਪਲ
ਮੈਂ ਕੀ ਹੁੰਦਾ
ਪਲ ਦੀ ਪਲ
ਕੀ ਹੋ ਜਾਂਦਾ

ਚੁੱਪ ਤੇ ਚੀਕ ਵਿਚਾਲੇ
ਸ਼ਬਦ ਕਿੰਨੇ ਹੀ ਮਖੌਟੇ
ਮੇਰੇ ਚਿਹਰੇ ਦੀ
ਜ਼ਰੂਰਤ ਮੁਤਾਬਿਕ

ਕਿੰਨਾ ਹੀ ਕੁਝ ਜੋੜਦਾ-ਤੋੜਦਾ
ਤੁਰ ਰਿਹਾ ਹਾਂ ਮੈਂ

## ਇਹ ਕੋਈ ਖੇਡ ਨਹੀਂ

ਉਹਦਾ ਨਾਂ
ਕੁਝ ਵੀ ਹੋ ਸਕਦਾ ਹੈ
ਧਰਤੀ, ਰੁੱਖ, ਦਰਿਆ
ਅੰਬਰ, ਚੰਨ ਜਾਂ ਤਾਰੇ
ਉਹਦੇ ਲਈ ਇਹ ਸਭ
ਸਾਡੀ ਆਪਣੀ ਬਣਾਈ
ਸ਼ਬਦਾਂ ਦੀ ਖੇਡ ਮਹਿਜ਼

ਕੀ ਹੋਣਾ ਹੈ ਉਹਨੇ
ਕੀ ਹੈ
ਤੇ ਕੀ ਨਹੀਂ ਹੈ
ਕਿੰਨੇ ਹੀ ਸਵਾਲ ਕਰਦੀ
ਉਹਦੀ ਮੈਂ

ਜਵਾਬ ਢੂੰਡਦਾ
ਭਟਕਦਾ
ਸ਼ਬਦਾਂ ਦੇ ਜੰਗਲੀਂ

ਮੇਰੀ ਮੈਂ
ਤੁਰਦੀ ਜਦੋਂ
ਆਪਣੇ ਵੱਲ
ਖਿੰਡ ਜਾਂਦਾ ਸਭ ਕੁਝ

ਇਹ ਕੋਈ ਖੇਡ ਨਹੀਂ
ਇਹੋ ਹੈ ਸਾਰੀ ਖੇਡ



## ਸਾਰੇ ਦਾ ਸਾਰਾ ਮੈਂ

ਭਰਮ ਟੁੱਟਣ 'ਤੇ
ਸਾਂਭ ਸਾਂਭ ਜਾਵਾਂ
ਪਹਿਲੇ ਪਹਿਲੇ ਛਿਣ

ਹੰਭਦੇ, ਹਾਰਦੇ
ਭੂਮਿਕਾਵਾਂ ਦੇ ਸ਼ਬਦ
ਗੁਆਚਦੇ

ਚਾਹੁੰਦਾ
ਤੂੰ ਹੋਣਾ
ਰਹਿ ਜਾਂਦਾ
ਸਾਰੇ ਦਾ ਸਾਰਾ
ਮੈਂ

## ਅਰਥਾਂ ਦੇ ਸਿਪੀਆਂ ਮੋਤੀ

ਨਦੀ
ਵਹਿ ਰਹੀ ਹੈ
ਸ਼ਬਦਾਂ ਦੇ
ਕਿਨਾਰਿਆਂ ਵਿਚਕਾਰ

ਅਰਥਾਂ ਦੇ
ਸਿਪੀਆਂ ਮੋਤੀ
ਧੁਰ ਹੇਠਾਂ
ਗਹਿਰੇ ਪਾਣੀ
ਸਾਂਭਦੀ

ਇਕ ਦਿਨ
ਸਮੁੰਦਰ ਹੋਵੇਗੀ
ਮੇਰੀ ਤੇਰੀ
ਇਹ ਪਗਲੀ ਨਦੀ



## ਤੇਰੇ ਰੰਗਾਂ ਦੀ ਲਿਪੀ

ਅਸੰਖ ਸ਼ਬਦ
ਮੇਰੇ ਕੋਲ
ਤੇਰੇ ਕੋਲ
ਸਭ ਕੋਲ
ਤੇ ਅਣਗਿਣ ਲਿਪੀਆਂ 'ਚ
ਲਿਖਦੇ ਅਸੀਂ
ਮਨ 'ਚ ਜੋ ਵੀ ਆਉਂਦਾ
ਅੱਖਾਂ ਜੋ ਵੀ ਦੇਖਦੀਆਂ
ਕੰਨ ਜੋ ਵੀ ਸੁਣਦੇ

ਫਿਰ ਵੀ ਰਹਿ ਜਾਂਦਾ
ਬਹੁਤ ਕੁਝ
ਅਹਿਸਾਸਾਂ ਦੇ ਪਰਾਂ ਹੇਠ

ਤੇਰੇ
ਰੰਗਾਂ ਦੀ ਲਿਪੀ
ਮੇਰੀ ਚੁੱਪ ਦੇ ਪੰਛੀਆਂ ਨੂੰ
ਪਰਵਾਜ਼ ਦਿੰਦੀ

# ਇਕ ਬਿੰਦੂ ਅੰਦਰ

ਸ਼ਬਦ ਮੇਰੀ ਦੇਹ
ਸ਼ਬਦ ਮੇਰੇ ਬਸਤਰ
ਪਹਿਨਦਾ ਮੈਂ
ਕਦੇ ਕੋਈ, ਕਦੇ ਕੋਈ

ਨਿਕਲਦਾ
ਸ਼ਬਦਾਂ ਦਾ ਵਪਾਰ ਕਰਨ
ਸ਼ਬਦ ਵੇਚਦਾ, ਖਰੀਦਦਾ
ਸਜਦੇ ਸਾਰੇ ਬਾਜ਼ਾਰ
ਸ਼ਬਦਾਂ ਸਹਾਰੇ

ਮੇਰੇ ਪੈਰਾਂ ਨੂੰ
ਮਿਲਦਾ ਰਾਹ
ਸ਼ਬਦਾਂ ਦੁਆਰਾ
ਮੇਰੇ ਪੈਰਾਂ ਨੂੰ
ਚੱਕਰਾਂ 'ਚ ਪਾਉਂਦੇ ਸ਼ਬਦ

ਸ਼ਬਦ ਹੀ ਕਰਦੇ
ਵਿਸਥਾਰ ਮੇਰਾ,
ਸ਼ਬਦ ਹੀ ਸਾਂਭਦੇ ਮੈਨੂੰ
ਇਕ ਬਿੰਦੂ ਅੰਦਰ

ਸ਼ਬਦ ਮਿਟਣ ਖਾਤਰ
ਮੇਰੀਆਂ ਕਵਿਤਾਵਾਂ ਵਿੱਚ
ਸ਼ਾਮਲ ਹੋ ਜਾਂਦੇ...।



# ਸ਼ਬਦਾਂ ਦੀ ਮਰਜ਼ੀ

ਸਾਰੇ ਦੇ ਸਾਰੇ ਸ਼ਬਦ
ਬਾਹਰ ਸੁੱਟ ਦਿੰਦਾ
ਮੈਂ ਆਪਣੇ
ਮਨ ਕਮਰੇ ਦੀ ਬਾਰੀ 'ਚੋਂ

ਇਕ ਇਕ ਕਰ
ਸਜ ਜਾਂਦੇ ਉਹ
ਮੇਰੇ ਕਮਰੇ ਦੀ ਕਾਰਨਸ 'ਤੇ
ਮੇਰਾ ਮੂੰਹ ਚਿੜਾਉਂਦੇ

ਮੈਂ ਦੌੜਦਾ
ਕਮਰੇ ਤੋਂ ਬਾਹਰ
ਵਧਣ ਲਗਦੀ
ਇਹਨਾਂ ਦੀ ਕਤਾਰ

ਅਜੇ ਤੱਕ ਨਹੀਂ ਹੋਈ
ਮੇਰੀ
ਤੇ ਮੇਰੇ ਸ਼ਬਦਾਂ ਦੀ
ਇਕ ਮਰਜ਼ੀ

ਉਂਝ
ਇਹਨਾਂ ਬਿਨ
ਸਰਦਾ ਨਹੀਂ
ਇਕ ਪਲ ਵੀ


# ਮਨ ਦੀ ਗੁਫ਼ਾ ਅੰਦਰ

ਲੋਚਿਆ
ਸ਼ੁਰੂ ਕਰਾਂ
ਫਿਰ ਤੋਂ ਸਭ

ਬਹੁਤ ਖਿਡੌਣੇ ਤੋੜੇ
ਨਿੱਕੇ ਹੁੰਦਿਆਂ
ਯਾਦ ਆਉਂਦਾ ।

ਮਨ ਦੀ ਗੁਫ਼ਾ ਅੰਦਰ
ਖਜੁਰਾਹੋ ਦੀਆਂ
ਮੂਰਤੀਆਂ
ਘੜਨ ਲਗਦਾ

ਮੇਰਾ ਕੋਈ ਇਕ ਸਿਰਾ ਨਹੀਂ



## ਆਵਾਜ਼ਾਂ

ਮੇਰੇ ਮਨ-ਸਮੁੰਦਰ 'ਚ
ਕਿੰਨੀਆਂ ਆਵਾਜ਼ਾਂ
ਮੱਛੀਆਂ ਵਾਕੁਣ
ਖ਼ੂਬਸੂਰਤ ਰੰਗ ਬਰੰਗੀਆਂ
ਡੁਬਕੀ ਲਾਉਂਦੀਆਂ
ਧੁਰ ਹੇਠਾਂ
ਗਹਿਰੇ ਪਾਣੀ
ਕਦੇ ਤੈਰਦੀਆਂ
ਉਪਰਲੀ ਸਤਹ 'ਤੇ ਹੀ

ਸ਼ਬਦਾਂ ਦੇ ਜਾਲ ਸੰਗ
ਪਕੜਦਾ
ਇਹਨਾਂ ਨੂੰ ਮੈਂ
ਨਿਹਾਰਦਾ ਰਹਿੰਦਾ
ਰਹਿ ਜਾਂਦੀਆਂ ਜੋ
ਇਸ ਜਾਲ ਤੋਂ ਬਾਹਰ
ਡੁਬਕੀ ਲਾਉਂਦੀਆਂ
ਤੈਰਦੀਆਂ ਮੱਛੀਆਂ ਵਾਕੁਣ
ਆਵਾਜ਼ਾਂ

□ 1

ਇਕ ਆਵਾਜ਼
ਸਗਲ ਪਸਾਰਾ
ਛਿਣ ਛਿਣ ਪਲ ਪਲ
ਕਣ ਕਣ 'ਚ ਰੁਪਾਂਤਰਿਤ

ਸਭ ਰੰਗ ਰੂਪ ਉਹਦੇ
ਕਦੇ ਤਰਲ
ਜਿਧਰ ਚਾਹੁੰਦੀ
ਵਹਿੰਦੀ
ਕਦੇ ਠੋਸ
ਆਕਾਰ ਬਦਲਦੀ
ਮੇਰੇ ਵੀਰਜ ਨੂੰ
ਸਾਹ ਦਿੰਦੀ



□ 2

ਆਵਾਜ਼ ਉਹੀ
ਮਿੱਟੀ ਰੰਗੀ
ਸਵਾਦ ਚੱਖ਼ਦੀ
ਕੁੱਖ ਅੰਦਰ ਬੀਜ ਪਾਲਦੀ
ਬੂਟਾ ਹੁੰਦੀ ਬਿਰਖ ਬਣਦੀ
ਧੁੱਪ ਛਾਂ 'ਚ ਰਹਿ ਰਹਾਉਂਦੀ
ਹਵਾ ਸੰਗ ਗਾਉਂਦੀ
ਪਾਣੀਆਂ ਨੂੰ ਲਹਿਰਾਉਂਦੀ
ਇਕ ਬਿੰਦੂ ਸਮਾਉਂਦੀ

□ 3

ਇਸ ਬਿੰਦੂ 'ਚ
ਆਦਿ ਕਾਲ ਤੋਂ
ਮੈਂ ਵੀ
ਇਕ ਆਵਾਜ਼
ਤੇ ਤੂੰ ਵੀ

ਇਸੇ ਤਰ੍ਹਾਂ
ਕੁਲ ਜੀਆ ਜੰਤ
ਬਨਸਪਤਿ

ਰਲ ਦੋਹੇਂ ਅਸੀਂ
ਸਾਹਾਂ ਨੂੰ ਦੇਹ ਦਿੰਦੇ
ਨੈਣ ਨਕਸ਼ ਘੜਦੇ
ਅੰਗ ਅੰਗ ਸਿਰਜਦੇ
ਇਕ ਦੂਜੇ ਦੀ
ਪੂਰਨਤਾ ਲਈ



□ 4

ਆਵਾਜ਼ ਉਹੀ
ਪਾਣੀਆਂ ਜਿਹੀ
ਨਿੰਮਲ ਬੇਰੰਗ
ਸਭ ਰੰਗਾਂ ਨੂੰ ਸਮਰਪਿਤ
ਸਭ ਆਕਾਰ ਸਵੀਕਾਰਦੀ
ਤਨ ਮਨ ਤੋਂ ਨੰਗੀ
ਸਮੇਂ ਦੇ ਅੰਦਰ ਵਗਦੀ
ਤੇ ਬਾਹਰ ਵੀ
ਸਹਿਜਤਾ ਸੁਹਜਤਾ ਨਾਲ ਇਕਮਿਕ

ਕੋਰਾ ਸਫ਼ਾ ਹੁੰਦੀ
ਹਵਾ 'ਚ ਫੜ ਫੜਾਉਂਦੀ
ਮੁਕਤ ਗਗਨ 'ਚ ਉਡਦੀ

☐ 5

ਆਵਾਜ਼ ਉਹ
ਮਾਸੂਮ ਤੋਤਲੀ
ਕਿਲਕਾਰੀਆਂ ਦਾ
ਸਨਾਤਨੀ ਗਾਇਣ ਕਰਦੀ
ਸ਼ਬਦਾਂ ਨੂੰ
ਗੋਲ ਮਟੋਲ ਆਕਾਰ ਦਿੰਦੀ

ਆਵਾਜ਼ 'ਚ
ਧਰਤੀ ਸਫ਼ਰ ਕਰਦੀ
ਅਸੀਮ ਅੰਬਰ ਸਿਰਜਦੀ

ਮੇਰੇ ਪੁਰਖਿਆਂ ਦੀਆਂ ਆਵਾਜ਼ਾਂ
ਦਮ ਭਰਦੀਆਂ
ਇਸ ਆਵਾਜ਼ ਦੀ
ਦੇਹ ਅੰਦਰ



☐ 6

ਆਵਾਜ਼ ਦਾ
ਇਕ ਰੂਪ ਇਹ ਵੀ,
ਤੁਰਨ ਲਗਦੀਆਂ
ਕਿੰਨੀਆਂ ਆਵਾਜ਼ਾਂ
ਵੱਖ-ਵੱਖ ਪਰਤਾਂ 'ਚ
ਉਹਦੇ ਅੰਦਰ ਬਾਹਰ

ਪਹਿਨਦੀਆਂ ਬਸਤਰ
ਦੁੱਧ ਚਿੱਟੇ ਰੰਗਦਾਰ
ਨਮੂਨਿਆਂ ਵਾਲੇ

ਆਵਾਜ਼ ਉਹੀ
ਜੰਗਲ ਦੇ
ਸਭ ਜਾਨਵਰ ਬਣਦੀ
ਚੰਘਾੜਦੀ
ਦਹਾੜਦੀ
ਝਪਟਦੀ
ਤਨ ਬਣਦੀ ਮਨ ਬਣਦੀ
ਆਤਮਾ ਨਦੀ ਨੂੰ
ਮਾਰੂਥਲ ਬਦਲਦੀ

ਆਵਾਜ਼ ਇਹ
ਲਿਖਣ ਲਗਦੀ
ਜਾਣੇ ਪਛਾਣੇ
ਪਹਿਲਾਂ ਹੀ ਮਿਥੇ
ਸਭ ਸ਼ਬਦ

☐ 7

ਆਵਾਜ਼ ਅੰਦਰ
ਹੋਂਦ ਸਵੀਕਾਰਦਾ
ਸ਼ਬਦ
ਲੈਅਮਈ ਹੁੰਦਾ
ਨ੍ਰਿਤ ਕਰਦਾ
ਰੰਗਾਂ 'ਚ ਵਟਦਾ

ਅਨੰਤ ਧਰਤੀਆਂ
ਅਨੰਤ ਅੰਬਰ
ਅਨੰਤ ਰੂਪਾਂ 'ਚ ਤੁਰਦਾ, ਉਡਦਾ

ਆਵਾਜ਼ ਅੰਦਰ ਹੀ
ਮਿਟ ਜਾਂਦਾ
ਸਾਰਾ ਸ਼ਬਦ ਸੰਸਾਰ



## ਸ਼ਾਇਦ ਇਸੇ ਲਈ

ਕਦੇ ਕਦਾਈਂ
ਸੋਚਦੇ ਤਾਂ ਹੋਣਗੇ ਪਹਾੜ
ਬਣ ਜਾਣ ਉਹ
ਕੋਮਲ, ਨਿੱਕੀਆਂ ਪੱਤੀਆਂ ਵਾਲੇ
ਰੰਗ ਬਿਰੰਗੇ ਫੁੱਲ
ਜਿਹਨਾਂ ਨੂੰ ਦੇਖ
ਅਚੰਭਿਤ ਹੋਣ ਬੱਚੇ
ਕੋਈ ਅਰਪਤ ਕਰੇ
ਦੇਵੀ-ਦੇਵਤਿਆਂ ਦੀ ਮੂਰਤ ਅੱਗੇ

ਕਿੰਨੀਆਂ ਹੀ ਨਦੀਆਂ ਦੇ ਜਨਮਾਂ ਤੋਂ
ਲਗਦੈ ਪਤਾ
ਕੀ ਚਾਹੁੰਦੇ ਨੇ ਪਹਾੜ

ਸ਼ਾਂਤ, ਨਿਰੰਤਰ ਵਹਿੰਦੀਆਂ ਨਦੀਆਂ
ਚਾਹੁੰਦੀਆਂ ਹੋਣਗੀਆਂ ਜ਼ਰੂਰ
ਰੁਕਣ ਘੜੀ ਪਲ
ਕਿਸੇ ਪੱਥਰ ਕੋਲ
ਕਹਿਣ ਸੁਣਨ ਦਿਲ ਦੀ ਗੱਲ
ਬਹੁਤ ਵਾਰ ਰਹਿ ਜਾਣਾ ਲੋਚਦੀਆਂ ਹੋਣਗੀਆਂ
ਕਿਸੇ ਦੀਆਂ ਪਲਕਾਂ 'ਚ ਬੰਦ
ਕਈ ਵਾਰ ਡਰ ਜਾਂਦੀਆਂ ਹੋਣਗੀਆਂ
ਆਪਣੇ ਤਰ੍ਹਾਂ-ਤਰ੍ਹਾਂ ਦੇ ਆਕਾਰਾਂ ਤੋਂ

ਨਦੀਆਂ ਲੈਂਦੀਆਂ ਨੇ
ਕਿਹੋ ਜਿਹੇ ਸੁਪਨੇ
ਜਾਣਦੇ ਨੇ
ਫੁੱਲਾਂ ਫਲਾਂ ਨਾਲ ਲੱਦੇ
ਹਰੇ ਭਰੇ ਬਿਰਖ਼-ਬੂਟੇ

ਜੀਅ ਜ਼ਰੂਰ ਕਰਦਾ ਹੋਵੇਗਾ
ਰੁੱਖਾਂ ਦਾ
ਭ੍ਰਮਣ ਕਰਨ
ਦੇਖਣ ਦੁਨੀਆਂ ਰੰਗ ਰੰਗੀਲੀ
ਜਾਣ ਉਹਨਾਂ ਥਾਵਾਂ ਤੇ
ਜਿਥੇ ਨਹੀਂ ਪਹੁੰਚਿਆ ਅਜੇ ਆਦਮੀ
ਕੋਈ ਰਾਹੀ ਆਰਾਮ ਕਰ
ਤੁਰਦੈ ਜਦੋਂ ਆਪਣੇ ਸਫ਼ਰ 'ਤੇ
ਇਹ ਖੜ੍ਹੇ ਰਹਿ ਕੇ ਵੀ
ਤੁਰਦੇ ਰਹਿੰਦੇ ਹਰ ਸਫ਼ਰੀ ਨਾਲ

ਮੇਰੇ ਕੋਲ ਹੈ
ਰੁੱਖਾਂ ਦੀ ਹਰਿਆਲੀ
ਨਦੀਆਂ ਦਾ ਵਹਿਣ
ਪੱਥਰਾਂ ਵਿਚਲੀ ਅੱਗ

ਸ਼ਾਇਦ ਇਸੇ ਲਈ
ਚੁੱਕੀ ਫਿਰਦੇ ਨੇ
ਮੇਰੇ ਮੋਢੇ
ਸਾਰੇ ਪਹਾੜ



## ਨਾ ਪੜ੍ਹੀਂ ਇਹ ਕਵਿਤਾ

ਤੇਰੀ ਯਾਦ
ਨਹੀਂ ਆਈ ਮੈਨੂੰ
ਉਸੇ ਤਰਾਂ
ਗੁਜ਼ਰ ਗਿਆ ਪੂਰਾ ਦਿਨ

ਰਾਤੀਂ
ਸੌਣ ਤੋਂ ਪਹਿਲਾਂ
ਕਮਰੇ ਦੀਆਂ ਬਾਰੀਆਂ ਖੋਲ੍ਹਣ ਵੇਲੇ
ਯਾਦ ਕੀਤਾ ਮੈਂ ਤੈਨੂੰ
ਸਾਂਭ ਲਏ ਉਹ ਸਾਰੇ ਬੋਲ
ਬੋਲਦਾ ਸਾਂ ਰੋਜ਼ ਜੋ ਏਸ ਵੇਲੇ
ਪਹਿਲਾਂ ਹੀ ਮਿਥੇ, ਜਾਣੇ ਪਛਾਣੇ

ਸੁਫ਼ਨੇ 'ਚ ਤੂੰ ਨਹੀਂ,
ਉਹ ਤਾਂ
ਠੰਢ ਤੋਂ ਬਚਣ ਲਈ
ਕੰਬਲ ਲੈਂਦਿਆਂ
ਹੈਰਾਨ ਹੋਇਆ ਮੈਂ
ਯਾਦ ਕੀਤਾ ਤੈਨੂੰ

ਧੁੱਪ ਦੀ ਦਸਤਕ 'ਤੇ ਜਾਗਿਆ
ਮੇਰੇ ਸਰ੍ਹਾਣੇ ਨਹੀਂ ਸੀ
ਅੱਜ ਦਾ ਅਖ਼ਬਾਰ
ਹਾਕ ਮਾਰਨ ਲੱਗਿਆਂ
ਯਾਦ ਕੀਤਾ ਤੈਨੂੰ

ਨਹਾਉਂਦਾ ਗੁਣ-ਗੁਣਾਉਂਦਾ ਰਿਹਾ
ਰੋਜ਼ ਵਾਲਾ ਉਹੋ ਹੀ ਗੀਤ
ਪਿੰਡਾ ਪੂੰਝਣ ਵੇਲੇ ਨਹੀਂ ਮਿਲਿਆ
ਖੂੰਟੀਆਂ 'ਤੇ ਤੌਲੀਆ
ਘਰ ਸਿਰ 'ਤੇ ਚੁੱਕਣ ਲੱਗਿਆਂ
ਯਾਦ ਕੀਤਾ ਤੈਨੂੰ

ਤੂੰ ਆਏਂਗੀ ਅੱਜ ਜਾਂ ਕੱਲ
ਨਾ ਪੜ੍ਹੀਂ ਇਹ ਕਵਿਤਾ
ਜੇ ਪੜ੍ਹ ਲਈ ਜ਼ਿੱਦ ਕਰਕੇ
ਮੈਂ ਮੁਕਰ ਜਾਣਾ ਹੈ
ਇਹ ਨਹੀਂ ਲਿਖੀ ਤੇਰੇ 'ਤੇ
ਝਾਕੇਂਗੀ ਮੇਰੇ ਵੱਲ
ਤੂੰ ਕਿੰਨੇ ਵਿਸ਼ਵਾਸ ਨਾਲ
ਯਾਦ ਕੀਤਾ ਮੈਂ ਤੈਨੂੰ



## ਤੇਰੇ ਮੇਰੇ ਹੋਣ ਕਰਕੇ

ਵੰਗਾਂ, ਗਜਰੇ ਛਣਕਾਉਂਦੀ
ਬਾਹਾਂ ਫੈਲਾਉਂਦੀ
ਕਲਾਵੇ 'ਚ ਭਰਦੀ
ਮੈਨੂੰ ਚਾਨਣੀ
ਕੋਲ ਕੋਲ ਹੁੰਦਾ
ਮੈਂ ਆਪਣੇ ਆਪ ਦੇ

ਰਸੋਈ 'ਚ ਕੀਤੀ
ਨਿੱਕੀ ਜਿਹੀ ਸ਼ਰਾਰਤ ਤੋਂ
ਹੋਰ ਵੀ ਸੁਰਖ਼ ਹੋ ਜਾਂਦਾ
ਕਸ਼ਮੀਰੀ ਸਿਉ,
ਘਰ ਦੇ ਚੱਕਰਾਂ ਤੋਂ
ਬਾਹਰ ਹੁੰਦਾ
ਉਦੋਂ ਉਦੋਂ ਮੈਂ


ਮੇਰੇ ਬਿਨ
ਉਹਦੀ ਬੇਚੈਨੀ, ਉਹਦੀ ਉਡੀਕ
ਦਸਦੀ ਮੈਨੂੰ
ਜਦੋਂ ਮੈਂ ਆਉਂਦਾ
ਉਹ ਮੇਰੇ ਪਸੰਦ ਦੇ ਕੱਪੜਿਆਂ 'ਚ
ਧਰਤੀ 'ਤੇ ਉਤਰੀ ਪਰੀ ਹੁੰਦੀ
ਮੇਰੇ ਮੱਥੇ ਦੇ ਅੰਬਰ 'ਤੇ
ਉਲਝਣ ਦੇ ਬੱਦਲਾਂ ਸੰਗ
ਹਠਖੇਲੀਆਂ ਕਰਦੀ ।

ਮੇਰੇ ਗੁਨਾਹਾਂ ਦੇ ਪਹਾੜ 'ਤੇ
ਬਰਸਦੀ ਉਹ ਬੱਦਲੀ
ਹਰੀਆਂ ਕਚੂਰ ਹੁੰਦੀਆਂ
ਚਰਿਆਂਦਾ
ਵਹਿਣ ਲਗਦੀਆਂ ਨਦੀਆਂ

ਸੰਭਵ ਹੁੰਦੇ
ਇਹ ਸਾਰੇ ਪਰਿਵਰਤਨ
ਤੇਰੇ ਮੇਰੇ ਹੋਣ ਕਰਕੇ

ਸ਼ਾਮਲ ਹੈ ਪਿਆਰ
ਸਾਡੇ ਦੋਹਾਂ 'ਚ
ਇਕ ਦੂਜੇ ਲਈ
ਜੁੜੇ ਰਹਿਣ ਦੇ
ਭਾਵੇਂ ਹੈਨ ਹੋਰ ਵੀ
ਕਿੰਨੇ ਹੀ ਕਾਰਨ





## ਸਵੇਰ–I

ਸਭ ਤੋਂ ਪਹਿਲਾਂ ਜਾਗਦੀ
ਮੇਰਾ ਮੱਥਾ ਚੁੰਮਦੀ
ਚਹਿ ਚਹਾਉਂਦੀ

ਜਾਗਦੇ
ਰੁੱਖਾਂ ਦੀਆਂ ਟਹਿਣੀਆਂ ਸੰਗ ਸੁੱਤੇ ਪੱਤੇ,
ਬੰਦ ਬੂਹਿਆਂ ਦੇ ਕੁੰਡੇ-ਜਿੰਦੇ

ਸਵੇਰ
ਰਾਤ ਦੇ ਆਰਾਮ ਦੀਆਂ ਤੈਹਾਂ ਲਾਉਂਦੀ
ਦਿਨ ਦੇ ਵਿਹੜੇ ਨੂੰ ਸੰਵਰਦੀ
ਚੁੱਲ੍ਹੇ ਅੱਗ ਪਾਉਂਦੀ

ਸਵੇਰ
ਮੇਰੇ ਨਹਾਉਣ ਲਈ
ਨਿੱਘੀਆਂ ਕਿਰਨਾਂ ਦੀ ਬਾਲਟੀ ਭਰਦੀ
ਧਰਤੀ ਦੀਆਂ ਖੂੰਟੀਆਂ 'ਤੇ ਧੁੱਪ ਛਾਂ ਦੇ ਬਸਤਰ ਟੰਗਦੀ
ਰੂਹ ਦੀ ਤਾਜ਼ਗੀ ਹੋਰ ਵੀ ਨਿਖ਼ਰ ਜਾਂਦੀ

ਸਵੇਰ ਸ਼ਾਂਤ ਹੁੰਦੀ ਹੋਈ ਵੀ
ਕਾਹਲ 'ਚ ਹੁੰਦੀ
ਸੁਖ਼ਨ ਨੂੰ ਨਿੱਘੀ ਬੁੱਕਲ ਦਿੰਦੀ
ਮੇਰੇ ਟਿਫ਼ਨ 'ਚ ਦੁਪਹਿਰ ਦਾ ਰੱਜ ਪੈਕ ਕਰਦੀ

ਮੈਂ ਸ਼ਬਦਾਂ ਦੀਆਂ ਜੇਬਾਂ ਭਰਦਾ,
ਇਕ ਵਿਸ਼ਵਾਸ ਨਾਲ
ਦਿਨ ਦੇ ਬੂਹੇ 'ਤੇ
ਦਸਤਕ ਦਿੰਦਾ

## ਸਵੇਰ–II

ਇਕ ਸਵੇਰ
ਹੋਏਗੀ ਅਜਿਹੀ
ਮੈਂ ਜਾਗਾਂਗਾ
ਸਦਾ ਲਈ
ਪੂਰੀ ਕਾਇਨਾਤ 'ਚ ਅਭੇਦ



## ਸਵੇਰ–III

ਚਿੜੀਆਂ
ਆਪਣੇ ਚਹਿ ਚਹਾਉਣ ਚੋਂ
ਪੈਦਾ ਕਰਦੀਆਂ
ਰੋਜ਼ ਇਕ ਨਵਾਂ ਸੂਰਜ

## ਸੁਬਕ ਜਿਹਾ ਹੱਥ

ਮੈਂ ਪਹਾੜਾਂ 'ਤੇ ਜਾਂਦਾ
ਹਰਿਆਲੀਆਂ ਪਗਡੰਡੀਆਂ ਬਣਦੇ
ਅੰਬਰ ਦੇ ਨੇੜੇ ਨੇੜੇ ਲੈ ਜਾਂਦੇ

ਮੇਰੀ ਪਿਆਸ ਲਈ
ਝਰਨੇ ਵਹਿੰਦੇ
ਮੇਰੀ ਜੀਰਾਂਦ ਲਈ
ਉੱਚੇ ਲੰਮੇ ਬਿਰਖ ਗਾਉਂਦੇ
ਚਾਰੋਂ ਤਰਫ਼
ਖ਼ੂਬਸੂਰਤ ਨਜ਼ਾਰੇ ਹੁੰਦੇ

ਹੌਲਾ ਫੁੱਲ ਹੁੰਦਾ ਮੈਂ
ਮੇਰੇ ਮੋਢੇ 'ਤੇ ਹੁੰਦਾ
ਸੁਬਕ ਜਿਹਾ ਹੱਥ
ਕੁਦਰਤ ਤੇਰਾ



## ਪਗਲੀ ਨਦੀ

ਬਹੁਤ ਵਾਰ ਉਦਾਸ ਹੋ ਜਾਂਦਾ
ਨਿੱਕੀਆਂ ਨਿੱਕੀਆਂ ਗੱਲਾਂ ਤੋਂ

ਇਹ ਕੀ
ਹੁਣੇ ਤਾਂ ਲੈ ਗਈ ਸੀ
ਮੇਰੇ ਕਮਰੇ ਦੀ ਬਾਰੀ ਮੈਨੂੰ
ਸਾਹਮਣੇ ਪਾਰਕ 'ਚ ਘਾਹ 'ਤੇ
ਖਿੜੇ ਹੋਏ ਗੇਂਦੇ ਗੁਲਾਬਾਂ ਵਿਚਕਾਰ
ਕਿਥੋਂ ਆ ਧਮਕੇ
ਮੇਰੇ ਪਿਤਾ ਜੀ .
ਕਿਸੇ ਇਮਾਰਤ ਦੀ ਅਖੀਰਲੀ ਸਿਖ਼ਰਲੀ
ਆਸਮਾਨ ਦੇ ਬਿਲਕੁਲ ਨੇੜਲੀ
ਮੰਜ਼ਲ ਤੇ ਕੰਮ ਕਰਦੇ
ਮੈਂ ਤਾਂ ਘਰੇ ਨਹੀਂ ਸੀ

ਨਹੀਂ ਨਹੀਂ ਮੈਂ ਹੀ ਗਲਤ ਸੀ
ਇਹ ਹੋਣਾ ਤਾਂ ਸੁਭਾਵਿਕ ਹੀ ਸੀ
ਘਰ ਮੇਰੇ ਨਾਲ ਨਾਲ ਹੁੰਦਾ ਹੈ
ਹਰ ਥਾਂ ਹੀ

ਕਿੰਨਾ ਥੱਕ ਚੁੱਕੇ ਨੇ
ਅੰਬਰ ਦੇ ਤਾਰੇ
ਮੇਰੇ ਲਈ ਚਮਕਦੇ
ਸੌਂ ਜਾਣਾ ਚਾਹੀਦੈ
ਗੂੜ੍ਹੀ ਨੀਂਦ ਹੁਣ ਤਾਂ
ਪਰ ਕਦੋਂ ਵਿਕੇ ਨੇ
ਅਜੇ ਸਾਰੇ ਘੋੜੇ

ਹਨ੍ਹੇਰਾ ਕਿੰਨਾ ਚੰਗਾ ਲਗਦਾ
ਆਪਣੀ ਮਰਜ਼ੀ ਦਾ
ਆਪਣਾ ਅਕਸ ਤੱਕਣ ਲਈ
ਮੈਂ ਅਕਸਰ ਹੀ ਡਰ ਜਾਂਦਾ ਹਾਂ
ਚਾਨਣ 'ਚ ਆਪਣੇ ਆਪ ਤੋਂ

ਬਹੁਤਵਾਰ ਉਦਾਸ ਹੋ ਜਾਂਦਾ
ਮੈਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ
ਬਹੁਤਵਾਰ ਪਰਵਾਹ ਨਹੀਂ ਕਰਦਾ
ਕਿਸੇ ਵੱਡੇ ਹਾਦਸੇ ਦੀ ਵੀ

ਜ਼ਰੂਰ ਵਗਦੀ ਹੋਵੇਗੀ
ਇਥੇ ਹੀ ਕਿਤੇ ਮੇਰੀ ਆਪਣੀ ਪਗਲੀ ਨਦੀ



## ਸਾਹਾਂ ਵਰਗਾ

ਆਪਣੇ ਆਪ ਨੂੰ ਵੇਚ
ਆਥਣ ਵੇਲੇ ਪਰਤਦਾ
ਘਰ ਬਾਪੂ
ਹੁੰਦਾ ਸਾਲਮ ਦਾ ਸਾਲਮ
ਸਾਡੇ ਸਾਰਿਆਂ 'ਚ ਬੈਠਾ
ਸ਼ਹਿਰ ਦੀਆਂ
ਕਿੰਨੀਆਂ ਹੀ ਇਮਾਰਤਾਂ 'ਚ
ਇੱਟ ਇੱਟ ਹੋ
ਚਿਣੇ ਜਾਣ ਦੇ ਬਾਵਜੂਦ

ਅਜੀਬ ਹੈ
ਬਾਪੂ ਦੇ ਸੁਭਾਅ ਦਾ ਦਰਿਆ
ਕਈ ਵਾਰ ਉਛਲ ਜਾਂਦੈ
ਨਿੱਕੀ ਜਿਹੀ ਕੰਕਰ ਨਾਲ ਹੀ
ਤੇ ਕਈ ਵਾਰ ਵਹਿੰਦਾ ਰਹਿੰਦੈ
ਸ਼ਾਂਤ ਅਡੋਲ
ਤੂਫ਼ਾਨੀ ਰੁੱਤ 'ਚ ਵੀ

ਸਾਡੇ ਲਈ ਬਹੁਤ ਕੁਝ ਹੁੰਦੈ
ਬਾਪੂ ਦੀ ਜੇਬ 'ਚ
ਹਰੇ ਕਚੂਰ ਪੱਤਿਆਂ ਜਿਹਾ
ਸਾਹਾਂ ਵਰਗਾ

ਘਰ ਅੱਜ-ਕੱਲ੍ਹ
ਹੋਰ ਵੀ ਬਹੁਤ ਕੁਝ
ਲਗਦਾ ਹੈ ਬਾਪੂ ਨੂੰ

ਬਾਪੂ ਤਾਂ ਬਾਪੂ ਹੈ
ਕੋਈ ਅਦਾਕਾਰ ਨਹੀਂ
ਸਾਡੇ ਸਾਹਵੇਂ ਜ਼ਾਹਰ ਹੋ ਹੀ ਜਾਂਦੀ
ਇਹ ਗੱਲ
ਕਿ ਬਾਜ਼ਾਰ 'ਚ
ਘਟਦੀ ਜਾ ਰਹੀ ਹੈ
ਉਹਨਾਂ ਦੀ ਕੀਮਤ

ਬਾਪੂ ਨੂੰ ਚਿੰਤਾ
ਮਾਂ ਦੇ ਸੁਪਨਿਆਂ ਦੀ
ਸਾਡੇ ਚਾਵਾਂ ਦੀ
ਤੇ ਸਾਨੂੰ ਚਿੰਤਾ
ਬਾਪੂ ਦੀ
ਦਿਨੋ-ਦਿਨ ਘਟਦੀ
ਕੀਮਤ ਦੀ



## ਸੁਖ਼ਨ ਦੇ ਬਹਾਨੇ

ਬਹੁਤ ਜ਼ਿੱਦੀ
ਸੁਖ਼ਨ ਮੇਰਾ
ਕਹੇਗਾ
ਹੁਣ ਹੀ ਖਿੜ ਜਾਣ ਫੁੱਲ
ਹਿਲਾਵੇਗਾ ਆਪਣੇ ਜਿੱਡੇ ਬੂਟੇ ਨੂੰ
ਆਵੇ ਜੋਰ ਦਾ ਮੀਂਹ
ਨਹਾਉਣ ਲਈ ਉਤਾਰ ਦੇਵੇਗਾ
ਕਮੀਜ਼-ਨੀਕਰ,
ਦਿਨ ਵੇਲੇ ਭਾਲੇਗਾ
ਅੰਬਰ ਤੋਂ ਚੰਨ ਤਾਰੇ ਚਮਕਦੇ

ਕੁਝ ਵੀ ਨਾ ਹੋਣ ਤੇ
ਮੇਰੇ ਨਾਲ ਸਭ ਨਾਲ
ਨਹੀਂ ਬੋਲੇਗਾ
ਕਿਸੇ ਵੀ ਲਾਲਾਚ ਵੱਸ
ਨਹੀਂ ਛੱਡਦਾ
ਆਪਣੀ ਜ਼ਿੱਦ ਦਾ ਖਹਿੜਾ

ਸ਼ਾਇਦ ਭੁੱਲ ਜਾਂਦਾ ਹੋਵੇ
ਜਾਂ ਫਿਰ ਸਾਂਭਦਾ ਜਾਂਦਾ ਹੋਵੇ
ਇਹ ਸਭ ਕਿਸੇ ਕੋਨੇ 'ਚ
ਹੋ ਸਕਦੈ
ਸਮਝੌਤਾ ਕਰ ਲੈਂਦਾ ਹੋਵੇ
ਆਪਣੇ ਆਪ ਨਾਲ
ਇਕ ਸਮੇਂ ਤੋਂ ਬਾਅਦ
ਸਹਿਜ ਹੋ ਜਾਂਦਾ ਸੁਖ਼ਨ

ਸੋਚ ਉਦਾਸ ਹੋ ਜਾਂਦਾ ਹਾਂ
ਸਿਖਦਾ ਜਾ ਰਿਹੈ ਸੁਖ਼ਨ
ਅਹਿਸਤਾ ਅਹਿਸਤਾ
ਮੇਰੇ ਜਿਹਾ ਸਭ ਕੁਝ

□
ਜਦੋਂ ਉਦਾਸ ਹੋਵਾਂ ਮੈਂ .
ਨਾ ਬੋਲਾਂ ਮਾਂ ਨਾਲ
ਨਾ ਕੋਈ ਗੱਲ ਕਰਾਂ ਪਤਨੀ ਨਾਲ
ਤਾਂ ਕਿੰਨੀਆਂ ਹੀ ਸ਼ਰਾਰਤਾਂ
ਕਰੇਗਾ ਸੁਖ਼ਨ
ਗਾਏਗਾ ਤੋਤਲੀ 'ਵਾਜ਼ ਵਿੱਚ
ਕੋਈ ਫਿਲਮੀ ਗੀਤ,
ਸਰਕਸ ਦੇ ਜੋਕਰ ਵਾਂਗ
ਊਟ-ਪਟਾਂਗ ਅਦਾਵਾਂ
ਕਰਦਾ ਰਹੇਗਾ ਉਦੋਂ ਤੱਕ
ਨਾ ਹੱਸੀਏ
ਅਸੀਂ ਜਦੋਂ ਤੱਕ।

ਘੜੀ ਪਲ ਭੁੱਲ ਜਾਂਦੇ
ਸਾਰੇ ਗਿਲੇ ਸ਼ਿਕਵੇ
ਘਰ ਦੇ ਅਨੰਤ ਚੱਕਰ

ਸਾਡੇ ਲਈ ਹੁੰਦਾ ਓਦੋਂ
ਜ਼ਿੰਦਗੀ ਨੂੰ ਪਰਿਭਾਸ਼ਤ ਕਰਦਾ
ਕੋਈ ਦਾਰਸ਼ਨਿਕ ਸੁਖ਼ਨ

ਅਸੀਂ ਫਿਰ ਤੋਂ ਰੁਝ ਜਾਂਦੇ
ਪੁੱਟਦੇ ਅਗਲਾ ਕਦਮ



□
ਸੁਖ਼ਨ ਨਿੱਕਾ ਹੈ ਅਜੇ
ਝੂਠ ਬੋਲਾਂ ਜੇ ਮੈਂ
ਬਹਿਸਣ ਲੱਗੇਗਾ
ਦਲੀਲਾਂ ਉਹ ਨੂੰ
ਦੇਣੀਆਂ ਨੀ ਆਉਂਦੀਆਂ
ਝੂਠ ਦੇ ਖਿਲਾਫ਼ ਧਰਦਾ ਜਾਵੇਗਾ
ਰਟੇ-ਰਟਾਏ ਸਾਰੇ ਕਥਨ

ਸੁਖ਼ਨ ਨਿੱਕਾ ਹੈ ਅਜੇ
ਮੇਰੇ ਬਹੁਤ ਸਮਝਾਉਣ ਤੇ
ਥੋੜ੍ਹਾ ਥੋੜ੍ਹਾ ਸਮਝਣ ਲੱਗਿਆ ਹੈ
ਘਰ ਦਾ
ਪਹਿਲਾ ਦੂਜਾ ਪਾਠ

ਟੌਫ਼ੀਆਂ ਜਿਹੇ
ਨਿੱਕੇ ਨਿੱਕੇ ਲਾਲਚਾਂ ਰਾਹੀਂ
ਝੂਠ ਉਹਦੇ
ਅੰਦਰ ਰਚਦਾ ਜਾ ਰਿਹੈ।

ਉਹਦੀ ਮਸੂਮੀਅਤ ਤੋਂ
ਡਰ ਜਾਂਦਾ ਹਾਂ ਮੈਂ,
ਉਦੋਂ ਉਦੋਂ ਨਹੀਂ ਦੇਖਦਾ
ਵਿਹੜੇ ਵਿਚਲਾ ਬਿਰਖ
ਅੰਬਰ ਦੇ ਉਡਦੇ ਪਰਿੰਦੇ

ਸੱਚ ਸੱਚ ਮੇਰਾ ਸੁਖ਼ਨ
ਹੁੰਦਾ ਜਾ ਰਿਹੈ
ਝੂਠ ਝੂਠ।

ਉਹ ਬਣਦਾ ਜਾ ਰਿਹੈ
ਬੰਦਾ,
ਮੇਰੇ ਅੰਦਰ
ਰਾਈ ਤੋਂ ਪਹਾੜ
ਬਣਦੇ ਜਾਂਦੇ ਨੇ ਗੁਨਾਹ

□
ਜਾਰੀ ਹੈ ਸਫ਼ਰ
ਅਨੰਤਤਾ ਵੱਲ
ਸੁਖ਼ਨ ਖ਼ਾਤਰ

ਪਿਆਰ ਤੇ ਉਡੀਕ
ਸ਼ਾਮਲ ਹੈ
ਇਕੋ ਵੇਲੇ
ਮੇਰੇ ਤੇ ਸੰਮੀ 'ਚ

ਕਵਿਤਾ ਰਾਹੀਂ ਦੁਹਰਾਇਆ ਹੈ
ਮੈਂ ਆਪਣੇ ਆਪ ਨੂੰ
ਸੁਖ਼ਨ ਦੇ ਬਹਾਨੇ



## ਆਦਿ ਕਾਲ ਤੋਂ ਲਿਖੀ ਜਾਂਦੀ ਕਵਿਤਾ

ਬਹੁਤ ਪਹਿਲਾਂ ਕਿਸੇ ਯੁੱਗ 'ਚ ਲਵਾਇਆ ਸੀ
ਮੇਰੇ ਦਾਦੇ ਨੇ ਆਪਣੀ ਪਸੰਦ ਦਾ ਇਕ ਖ਼ੂਬਸੂਰਤ
ਦਰਵਾਜ਼ਾ।

ਫਿਰ ਕਿਸੇ ਯੁੱਗ ਵਿਚ ਉਖਾੜ ਦਿੱਤਾ ਸੀ ਮੇਰੇ
ਬਾਪੂ ਨੇ ਉਹ ਦਰਵਾਜ਼ਾ, ਤੇ ਲਵਾ ਲਿਆ ਸੀ
ਆਪਣੀ ਹੀ ਪਸੰਦ ਦਾ ਇਕ ਨਵਾਂ-ਨਕੋਰ
ਦਰਵਾਜ਼ਾ।

ਘਰ ਦੇ ਮੁੱਖ-ਦੁਆਰ ਤੇ ਲੱਗਿਆ, ਹੁਣ
ਮੈਨੂੰ ਵੀ ਪਸੰਦ ਨਹੀਂ ਉਹ ਦਰਵਾਜ਼ਾ।

## ਦੇਵਨੀਤ

ਉਹ ਇਕ ਸਮੁੰਦਰ, ਚੜ੍ਹਦਾ ਉਤਰਦਾ, ਮੈਨੂੰ ਆਪਣੇ 'ਚ ਸਮਾਉਣਾ ਲੋਚਦਾ। ਮੈਂ ਕਿਨਾਰਿਆਂ ਤੇ ਖੜਾ ਵੇਖਦਾ ਰਹਿੰਦਾ, ਉਹਦੀਆਂ ਲਹਿਰਾਂ ਦਾ ਨ੍ਰਿਤ। ਇਕ ਸੰਗੀਤ ਮੇਰੇ ਅੰਦਰ ਫੈਲਦਾ ਜਾਂਦਾ। ਇਕ ਦਿਨ ਉਹਨੇ ਮੇਰੇ ਮਨ ਦੀ ਬੇੜੀ ਨੂੰ ਆਖਿਆ-ਆਖ ਇਹ ਨੂੰ, ਤੇਰੇ 'ਤੇ ਸਵਾਰ ਹੋ, ਮੇਰੇ ਪਾਣੀਆਂ ਦੀ ਦੇਹ ਨੂੰ ਕਿਵੇਂ ਤਾਂ ਛੂਹੇ।

ਮੈਂ ਪਤਾ ਨਹੀਂ ਬੇੜੀ ਦੇ ਆਖੇ ਲੱਗਿਆ ਜਾਂ ਸਮੁੰਦਰ ਦੇ। ਠਿਲ ਪਿਆ ਸਾਂ ਉਹਦੇ ਉਤਰਦੇ ਜਵਾਰ ਅੰਦਰ। ਮੈਂ ਉਹਦੀ ਅਸੀਮਤਾ ਅੰਦਰ ਅਨੰਦਿਤ ਹੁੰਦਾ। ਕਈ ਵਾਰ ਉਕਤਾ ਜਾਂਦਾ ਕਿਨਾਰਿਆਂ 'ਤੇ ਪਰਤ ਆਉਂਦਾ।

ਇੱਕ ਦਿਨ ਕੁਝ ਵਾਪਰਿਆ। ਮੈਂ ਬੇੜੀ ਕਿਨਾਰੇ ਛੱਡ ਉਸਦੇ ਤਲ 'ਤੇ ਜਾ ਉਤਰਿਆ। ਹੁਣ ਮੈਂ ਕਦੇ ਨਹੀਂ ਸੋਚਿਆ ਕਿ ਮੈਂ ਤਾਂ ਕੁਝ ਵੀ ਨਹੀਂ ਸੀ ਜਾਂ ਸਭ ਕੁਝ ਸੀ। ਮੈਂ ਜੋ ਹੁਣ ਸਮੁੰਦਰ ਹਾਂ।



## ਹਰਨਾਮ

ਨਹੀਂ ਮਿਲਿਆ ਮੈਂ ਤੈਨੂੰ ਉਸ ਤਰਾਂ, ਜਿਵੇਂ ਅਕਸਰ ਮਿਲਦੇ ਨੇ ਲੋਕ ਇਕ ਦੂਜੇ ਨੂੰ। ਤੇਰੇ ਹੱਥਾਂ 'ਚੋਂ ਤਿਲਕਿਆ ਸੁਰਾਖ ਹੈ ਮੇਰੀ ਨਜ਼ਰ ਸਾਹਵੇਂ। ਮੈਂ ਇਹਦੇ ਆਕਾਰ ਨੂੰ ਬਦਲਦਾ ਰਹਿੰਦਾ ਹਾਂ ਆਪਣੀ ਮਰਜ਼ੀ ਮੁਤਾਬਿਕ। ਇਹ ਕਦੇ ਘੁੰਮਦਾ ਹੈ, ਪਹੀਏ ਵਾਂਗ ਗੋਲ ਹੁੰਦਾ ਹੈ। ਕਦੇ ਖ਼ੜ੍ਹਾ ਹੁੰਦਾ ਹੈ ਸਥਿਰ, ਬਿਲਕੁਲ ਚੌਰਸ ਹੁੰਦਾ ਹੈ ਤੇ ਕਦੇ ਕਦੇ ਡੋਲਦਾ ਇਧਰ ਉਧਰ ਪੁੱਠੀ ਤਿਕੋਣ ਹੁੰਦਾ ਹੈ। ਜੇ ਆਲੇ-ਭੋਲੇ ਬਾਲ ਜਿਹੀ ਉਤਸੁਕਤਾ ਹੁੰਦੀ ਮੇਰੇ ਅੰਦਰ?

ਮੈਂ ਆਪਣੇ ਮੌਢਿਆਂ ਦੇ ਫਰਿਸ਼ਤਿਆਂ ਸੰਗ ਦੋਸਤੀ ਗੰਢ ਲਈ ਹੈ।

# ਇੱਕ ਕਾਗਜ਼ ਦੀ ਕਿਸ਼ਤੀ

ਅੰਬਰ 'ਤੇ
ਉਡ ਰਹੇ ਨੇ ਪੰਛੀ
ਹਰ ਸੀਮਾਂ ਤੋਂ ਪਾਰ

ਬਾਰੀ ਰਾਹੀਂ
ਭਰ ਗਿਆ ਮੇਰਾ ਕਮਰਾ
ਤਰ੍ਹਾਂ ਤਰ੍ਹਾਂ ਦੇ
ਆਕਾਰ ਬਦਲਦੇ ਬੱਦਲਾਂ ਨਾਲ

ਹੁਣੇ ਹੁਣੇ
ਬਾਰਿਸ਼ ਹੋਵੇਗੀ
ਵਹਿੰਦੇ ਪਾਣੀ 'ਚ
ਇਕ ਕਾਗਜ਼ ਦੀ ਕਿਸ਼ਤੀ
ਮੇਰੀ ਵੀ ਹੋਵੇਗੀ